# ਰੇਲਵੇ - ਸਟੇਸ਼ਨ

ਭਾਰਤ ਵਿੱਚ 16 ਅਪ੍ਰੈਲ, 1853 ਨੂੰ ਭਾਰਤੀ ਰੇਲਵੇ ਦੀ ਸਥਾਪਨਾ ਹੋਈ ਸੀ। ਹੁਣ ਭਾਰਤੀ ਰੇਲਵੇ ਏਸ਼ੀਆ ਮਹਾਂਦੀਪ ਦੀ ਸਭ ਤੋਂ ਵੱਡੀ ਰੇਲਵੇ ਸੰਸਥਾ ਹੈ। ਸਾਡੇ ਦੇਸ਼ ਵਿੱਚ ਆਵਾਜਾਈ ਦਾ ਮੁੱਖ ਸਾਧਨ ਰੇਲ ਯਾਤਰਾ ਹੈ। ਵੱਡੀ ਮਾਤਰਾ ਵਿੱਚ ਵਸਤਾਂ ਨੂੰ ਲਿਜਾਣ ਅਤੇ ਲੰਮੀ ਦੂਰੀ ਦੀ ਯਾਤਰਾ ਲਈ ਰੇਲ ਗੱਡੀ ਦੀ ਵਰਤੋਂ ਕੀਤੀ ਜਾਂਦੀ ਹੈ।

ਰੇਲਵੇ ਸਟੇਸ਼ਨ :- ਰੇਲਵੇ ਸਟੇਸ਼ਨ ਰੇਲ ਦੀ ਪਟੜੀ ਦੇ ਨਾਲ਼ ਇੱਕ ਅਜਿਹੀ ਥਾਂ ਹੁੰਦੀ ਹੈ ਜਿੱਥੇ ਰੇਲ ਗੱਡੀ ਆ ਕੇ ਰੁਕਦੀ ਹੈ। ਸਵਾਰੀਆਂ ਇੱਥੋਂ ਗੱਡੀ ਵਿੱਚ ਸਵਾਰ ਹੁੰਦੀਆਂ ਹਨ ਜਾਂ ਉੱਤਰਦੀਆਂ ਹਨ। ਰੇਲ ਦੀ ਪਟੜੀ ਦੇ ਨਾਲ਼ ਇੱਕ ਪਲੇਟ ਫ਼ਾਰਮ ਬਣਿਆ ਹੁੰਦਾ ਹੈ। ਲੋਕ ਪਲੇਟਫ਼ਾਰਮ ਤੋਂ ਹੀ ਰੇਲ ਗੱਡੀ ਤੇ ਚੜ੍ਹਦੇ - ਉੱਤਰਦੇ ਅਤੇ ਆਪਣਾ ਸਮਾਨ ਚੜ੍ਹਾਉਂਦੇ ਉਤਾਰਦੇ ਹਨ। ਪਲੇਟਫ਼ਾਰਮ ਦੇ ਨਾਲ਼ ਰੇਲਵੇ ਸਟੇਸ਼ਨ ਦੀ ਇਮਾਰਤ ਬਣੀ ਹੁੰਦੀ ਹੈ, ਜਿੱਥੇ ਟਿਕਟ ਖਿੜਕੀ, ਟੈਲੀਫੋਨ ਬੂਥ, ਉਡੀਕ ਘਰ, ਯਾਤਰੀ ਜਾਣਕਾਰੀ ਕੇਂਦਰ ਅਤੇ ਰੇਲਵੇ ਪ੍ਰਬੰਧ ਲਈ ਦਫ਼ਤਰ ਬਣਿਆ ਹੁੰਦਾ ਹੈ। ਰੇਲਵੇ ਸਟੇਸ਼ਨ ਜ਼ਮੀਨ ਜਾਂ ਪਟੜੀ ਦੇ ਬਰਾਬਰ ਜਾਂ ਇਸ ਤੋਂ ਉੱਚੇ ਥਾਂ ਤੇ ਬਣਿਆ ਹੁੰਦਾ ਹੈ। ਸਮੁੰਦਰ ਤਲ ਤੋਂ ਰੇਲਵੇ ਸਟੇਸ਼ਨ ਦੀ ਉਚਾਈ ਦੱਸਣ ਲਈ ਇੱਕ ਵਿਸ਼ੇਸ਼ ਬੋਰਡ ਵੀ ਲੱਗਾ ਹੁੰਦਾ ਹੈ।

ਰੇਲਵੇ ਸਟੇਸ਼ਨ ਦਾ ਦ੍ਰਿਸ਼ :- ਜਿਹੜੇ ਰੇਲਵੇ ਸਟੇਸ਼ਨ ਛੋਟੇ ਕਸਬਿਆਂ ਵਿੱਚ ਹੁੰਦੇ ਹਨ ਉੱਥੇ ਰੇਲ ਗੱਡੀ ਦੇ ਆਉਣ ਤੋਂ ਕੁਝ ਸਮਾਂ ਪਹਿਲਾ ਯਾਤਰੀਆਂ ਦੀ ਚਹਿਲ ਪਹਿਲ ਸ਼ੁਰੂ ਹੋ ਜਾਂਦੀ ਹੈ। ਵੱਡੇ ਰੇਲਵੇ ਸਟੇਸ਼ਨਾਂ ਦੇ ਜੰਕਸ਼ਨਾਂ ਤੇ ਰੇਲ ਗੱਡੀਆਂ ਦੀ ਵੱਧ ਆਵਾਜਾਈ ਹੋਣ ਕਰਕੇ ਹਮੇਸ਼ਾ ਹੀ ਮੇਲੇ ਵਰਗਾ ਦ੍ਰਿਸ਼ ਬਣਿਆ ਰਹਿੰਦਾ ਹੈ। ਭੀੜ - ਭੜੱਕਾ, ਰੇਹੜੀਆਂ, ਠੇਲੇ, ਛਾਬੜੀਆਂ ਵਾਲ਼ਿਆਂ ਦੇ ਹੋਕੇ, ਸਪੀਕਰ ਰਾਹੀਂ ਰੇਲ ਗੱਡੀਆਂ ਦੇ ਆਉਣ - ਜਾਣ ਦੀ ਸੂਚਨਾ। ਵੱਖ - ਵੱਖ ਪਹਿਰਾਵੇ ਪਾ ਕੇ ਸਜੇ ਲੋਕ ਇੱਕ ਵੱਖਰਾ ਹੀ ਨਜ਼ਾਰਾ ਪੇਸ਼ ਕਰਦੇ ਹਨ।

ਟਿਕਟ - ਖਿੜਕੀ :- ਰੇਲ ਦੇ ਆਉਣ ਦੀ ਸੂਚਨਾ ਮਿਲਣ ਤੇ ਮੁਸਾਫ਼ਿਰ ਟਿਕਟ ਖਿੜਕੀ ਅੱਗੇ ਲਾਈਨਾਂ ਵਿੱਚ ਖੜ੍ਹ ਕੇ ਟਿਕਟ ਖ਼ਰੀਦਦੇ ਹਨ। ਕਿਰਾਏ ਦੀ ਜਾਣਕਾਰੀ ਲਈ ਕਿਰਾਇਆ ਸੂਚੀ ਟਿਕਟ ਖਿੜਕੀ ਦੇ ਉੱਪਰ ਲੱਗੀ ਹੁੰਦੀ ਹੈ।

Scanned by CamScanner

ਟੈਲੀਫ਼ੋਨ ਬੂਥ :- ਹਰ ਰੇਲਵੇ ਸਟੇਸ਼ਨ ਤੇ ਯਾਤਰੀਆਂ ਦੀ ਮਦਦ ਲਈ ਟੈਲੀਫ਼ੋਨ ਬੂਥ ਬਣੇ ਹੁੰਦੇ ਹਨ। ਇੱਥੋਂ ਯਾਤਰੀ ਜ਼ਰੂਰਤ ਅਨੁਸਾਰ ਫ਼ੋਨ ਵੀ ਕਰ ਸਕਦੇ ਹਨ।

ਉਡੀਕ ਘਰ :- ਹਰ ਰੇਲਵੇ ਸਟੇਸ਼ਨ 'ਤੇ ਯਾਤਰੀਆਂ ਦੀ ਸਹੂਲਤ ਲਈ ਰੇਲਵੇ ਵਿਭਾਗ ਵੱਲੋਂ ਉਡੀਕ ਘਰ ਬਣਾਏ ਗਏ ਹਨ, ਜਿੱਥੇ ਬੈਠ ਕੇ ਯਾਤਰੀ ਰੇਲ ਗੱਡੀ ਦੀ ਉਡੀਕ ਕਰਦੇ ਹਨ ਅਤੇ ਅਰਾਮ ਕਰ ਸਕਦੇ ਹਨ।

ਪੁੱਛ-ਗਿੱਛ ਕੇਂਦਰ :- ਹਰ ਰੇਲਵੇ ਸਟੇਸ਼ਨ ਤੇ ਭਾਵੇਂ ਲਿਖਤੀ ਤੌਰ ਤੇ ਰੇਲ ਗੱਡੀਆਂ ਦੇ ਕਿਰਾਏ ਅਤੇ ਆਉਣ ਜਾਣ ਦੀ ਸੂਚਨਾ ਬੋਰਡਾਂ ਤੇ ਲਿਖੀ ਹੁੰਦੀ ਹੈ ਪਰ ਫਿਰ ਵੀ ਯਾਤਰੀਆਂ ਦੀ ਸਹੂਲਤ ਲਈ ਪੁੱਛ-ਗਿੱਛ ਕੇਂਦਰ ਵਿੱਚ ਰੇਲਵੇ ਵਿਭਾਗ ਦੇ ਕਰਮਚਾਰੀ ਬੈਠੇ ਹੁੰਦੇ ਹਨ ਜੋ ਯਾਤਰੀ-ਆਂ ਦੀ ਹਰ ਪੱਖੋਂ ਸਹਾਇਤਾ ਕਰਦੇ ਹਨ।

ਰੇਲਵੇ ਸਟੇਸ਼ਨ ਤੇ ਹੋਰ ਸਹੂਲਤਾਂ :- ਰੇਲਵੇ ਪਲੇਟਫਾਰਮ ਉੱਤੇ ਯਾਤਰੀਆਂ ਦੇ ਬੈਠਣ ਬੈਂਚ ਰੱਖੇ ਹੁੰਦੇ ਹਨ। ਉਹਨਾਂ ਦੇ ਪੀਣ ਲਈ ਸਾਫ਼ ਪਾਣੀ ਦਾ ਪ੍ਰਬੰਧ ਹੁੰਦਾ ਹੈ। ਪਹਿਲੇ ਸਮਿਆਂ ਵਿੱਚ ਪਾਣੀ ਪੀਣ ਲਈ ਘੜੇ ਰੱਖੇ ਹੁੰਦੇ ਸਨ ਪਰ ਹੁਣ ਸਾਫ਼ ਪਾਣੀ ਪੀਣ ਲਈ ਟੂਟੀਆਂ ਲੱਗੀਆਂ ਹੋਈਆਂ ਹਨ। ਸਾਫ਼-ਸੁਥਰੇ ਪਖਾਨੇ ਬਣੇ ਹੋਏ ਹਨ। ਯਾਤਰੀ ਦੇ ਖਾਣ-ਪੀਣ ਲਈ ਰੇਲਵੇ ਵਿਭਾਗ ਵੱਲੋਂ ਪਲੇਟਫਾਰਮ ਦੇ ਸੈੱਡ ਥੱਲੇ ਦੁਕਾਨਾਂ ਬਣੀਆਂ ਹੁੰਦੀਆਂ ਹਨ। ਕਿਤਾਬਾਂ ਰਸਾਲੇ ਆਦਿ ਖ਼ਰੀਦਣ ਲਈ ਵੀ ਸਟਾਲਾਂ ਲੱਗੀਆਂ ਹੁੰਦੀਆਂ ਹਨ। ਰੇਲਵੇ ਲਾਈਨ ਪਾਰ ਕਰਨ ਲਈ ਪੁਲ਼ ਬਣੇ ਹੁੰਦੇ ਹਨ। ਲੋਕਾਂ ਦੀ ਭੀੜ, ਸ਼ੋਰ, ਸਪੀਕਰਾਂ ਤੇ ਮਿਲ਼ ਰਹੀ ਸੂਚਨਾ, ਬੱਚਿਆਂ ਦੁਆਰਾ ਰੇਲ ਵੇਖਣ ਦਾ ਉਤਸ਼ਾਹ ਇੱਕ ਸੁੰਦਰ ਨਜ਼ਾਰਾ ਦੇਖਣ ਨੂੰ ਮਿਲਦਾ ਹੈ।

ਕੁਲੀ - ਯਾਤਰੀ ਦਾ ਭਾਰੀ ਸਮਾਨ ਢੋਹਣ ਅਤੇ ਉਹਨਾਂ ਦੀ ਸਹਾਇਤਾ ਲਈ ਰੇਲਵੇ ਸਟੇਸ਼ਨ ਤੇ ਇੱਕ ਵੱਖਰੀ ਵਰਦੀ ਪਾਈ ਕੁਲੀ ਵੀ ਮੌਜੂਦ ਹੁੰਦੇ ਹਨ। ਸਮਾਨ ਢੋਹਣ ਲਈ ਉਹ ਠੇਲੇ ਵੀ ਵਰਤਦੇ ਹਨ।

ਰੇਲਵੇ ਪੁਲਿਸ :- ਯਾਤਰੀਆਂ ਦੀ ਸਹਾਇਤਾ ਅਤੇ ਅਚਾਨਕ ਆਏ ਸੰਕਟ ਨਾਲ਼ ਨਿਪਟਣ ਲਈ ਹਰ ਰੇਲਵੇ ਸਟੇਸ਼ਨ ਉੱਤੇ ਰੇਲਵੇ ਪੁਲਿਸ ਤਾਇਨਾਤ ਰਹਿੰਦੀ ਹੈ।

ਡਾਕਟਰੀ ਸਹਾਇਤਾ :- ਯਾਤਰੀਆਂ ਦੀ ਸਹਾਇਤਾ ਲਈ ਰੇਲਵੇ ਸਟੇਸ਼ਨ ਤੇ ਫ਼ਸਟ-ਏਡ ਬਾਕਸ ਵੀ ਲੱਗਾ ਹੁੰਦਾ ਹੈ।

ਹਰ ਰੇਲਵੇ ਸਟੇਸ਼ਨ ਤੇ ਅਜਿਹਾ ਮਾਹੌਲ ਦੇਖਣ ਨੂੰ ਮਿਲਦਾ ਹੈ।

— ਜਗਤਾਰ ਸਿੰਘ ਜੋਖੀ (ਪੰਜਾਬੀ ਮਾਸਟਰ) ਸ.ਮਿ.ਸ. ਕੱਥਰਵੱਡਾ
9417166386.

Scanned by CamScanner

## ਅੱਖੀਂ ਡਿੱਠਾ ਮੇਲਾ (ਪੁਸਤਕ ਮੇਲਾ)

ਜਾਣ-ਪਛਾਣ:- ਪੰਜਾਬ ਰਿਸ਼ੀਆਂ-ਮੁਨੀਆਂ, ਗੁਰੂਆਂ-ਪੀਰਾਂ ਦੀ ਧਰਤੀ ਹੈ। ਪੰਜਾਬ ਇੱਕ ਗਾਉਂਦਾ ਦੇਸ਼ ਹੈ। ਪੰਜਾਬ ਵਿੱਚ ਲੋਕ ਮਹਾਂਪੁਰਸ਼ਾਂ ਦੀਆਂ ਸਿੱਖਿਆਵਾਂ ਲੈਣ ਲਈ ਵਹੀਰਾਂ ਘੱਤ ਤੁਰਦੇ, ਇਕੱਠ ਹੁੰਦੇ, ਧਰਤੀ ਨੂੰ ਭਾਗ ਲੱਗਦੇ। ਅਜਿਹੇ ਇਕੱਠ ਹੌਲ਼ੀ-ਹੌਲ਼ੀ ਮੇਲਿਆਂ ਦਾ ਰੂਪ ਧਾਰਨ ਕਰ ਗਏ। ਸਮੇਂ ਦੇ ਨਾਲ਼ ਹੁਣ ਮੇਲਿਆਂ ਦਾ ਸਰੂਪ ਬਦਲ ਗਿਆ ਹੈ। ਹੁਣ ਖੇਡ ਮੇਲੇ, ਵਿਗਿਆਨ ਮੇਲੇ, ਦੇਸ਼ ਭਗਤਾਂ ਦੀ ਯਾਦ ਵਿੱਚ ਮੇਲੇ ਅਤੇ ਪੁਸਤਕ ਮੇਲੇ ਵੀ ਲੱਗਣ ਲੱਗ ਪਏ ਹਨ।

ਸਾਡੇ ਪਿੰਡ ਵਿੱਚ ਮੇਲਾ:- ਬੀਤੇ ਦਿਨੀਂ ਸਾਡੇ ਪਿੰਡ ਦੇ ਸਰਪੰਚ ਅਤੇ ਕੁੱਝ ਅਗਾਂਹਵਧੂ ਲੋਕਾਂ ਨੇ ਰਲ਼ ਕੇ ਸਾਡੇ ਪਿੰਡ ਦੇ ਖੇਡ ਮੈਦਾਨ ਵਿੱਚ ਇੱਕ ਪੁਸਤਕ ਮੇਲਾ ਲਗਾਇਆ। ਖੇਡ ਮੈਦਾਨ ਵਿੱਚ ਮੇਲੇ ਦੇ ਵੱਖ-ਵੱਖ ਰੰਗ ਦੇਖਣ ਨੂੰ ਮਿਲੇ।

ਮੇਲੇ ਦਾ ਦ੍ਰਿਸ਼:- ਖੇਡ ਮੈਦਾਨ ਨੂੰ ਰੰਗ-ਬਿਰੰਗੀਆਂ ਝੰਡੀਆਂ ਦੇ ਨਾਲ਼ ਸ਼ਿੰਗਾਰਿਆ ਹੋਇਆ ਸੀ। ਮੁੱਖ ਦਰਵਾਜ਼ੇ ਉੱਤੇ ਮੇਲੇ ਨਾਲ਼ ਸੰਬੰਧਿਤ ਜਾਣਕਾਰੀ ਦਾ ਬੋਰਡ ਲੱਗਾ ਹੋਇਆ ਸੀ। ਮੈਦਾਨ ਦੇ ਅੰਦਰ ਜਾਂਦਿਆਂ ਹੀ ਸੱਜੇ ਹੱਥ ਕਾਰਾਂ, ਮੋਟਰਸਾਈਕਲ, ਸਾਈਕਲ ਆਦਿ ਖੜ੍ਹਾਉਣ ਲਈ ਪਾਰਕਿੰਗ ਦਾ ਸੁਚੱਜਾ ਪ੍ਰਬੰਧ ਸੀ। ਨਾਲ਼ ਹੀ ਲੋਕਾਂ ਦੇ ਪੀਣ ਲਈ ਸਾਫ਼ ਪਾਣੀ ਅਤੇ ਚਾਹ ਦਾ ਵਿਸ਼ੇਸ ਪ੍ਰਬੰਧ ਸੀ।

ਖੇਡ ਮੈਦਾਨ ਦੇ ਅੰਦਰ ਜਾਂਦਿਆਂ ਹੀ ਮਨ ਨੂੰ ਮੋਹ ਲੈਣ ਵਾਲ਼ਾ ਦ੍ਰਿਸ਼ ਨਜ਼ਰ ਪੈਂਦਾ ਸੀ। ਵੱਖ-ਵੱਖ ਪ੍ਰਕਾਸ਼ਕਾਂ ਵੱਲੋਂ ਪੁਸਤਕਾਂ ਦੀਆਂ ਦੁਕਾਨਾਂ ਲਾਈਆਂ ਹੋਈਆਂ ਸਨ। ਲੋਕ ਟੋਲੀਆਂ ਬਣਾ ਕੇ ਪੁਸਤਕਾਂ ਖ਼ਰੀਦ ਰਹੇ ਸਨ। ਮੇਲੇ ਦੀ ਇੱਕ ਨੁੱਕਰ ਦੇ ਵਿੱਚ ਆਏ ਹੋਏ ਮਹਿਮਾਨ ਲੇਖਕਾਂ ਨਾਲ਼ ਗੋਸ਼ਟੀਆਂ ਹੋ ਰਹੀਆਂ ਸਨ। ਕਿਧਰੇ ਨਵੀਂਆਂ ਪੁਸਤਕਾਂ ਲੋਕ ਅਰਪਿਤ ਹੋ ਰਹੀਆਂ ਸਨ। ਬਾਲ ਸਾਹਿਤ ਦੀਆਂ ਕੁੱਝ ਵੱਖਰੀਆਂ ਦੁਕਾਨਾਂ ਲੱਗੀਆਂ ਹੋਈਆਂ

Scanned by CamScanner

ਸਨ। ਇੱਥੋਂ ਬੱਚੇ ਆਪਣੀ ਪਸੰਦ ਦੀਆਂ ਪੁਸਤਕਾਂ ਖ਼ਰੀਦ ਰਹੇ ਸਨ। ਲੋਕਾਂ ਦੇ ਖਾਣ - ਪੀਣ ਲਈ ਲੰਗਰ ਦਾ ਵਧੀਆ ਪ੍ਰਬੰਧ ਕੀਤਾ ਹੋਇਆ ਸੀ।

ਮੇਰਾ ਮੇਲੇ ਤੇ ਜਾਣਾ :- ਸਾਡੇ ਸਕੂਲ ਦੇ ਪੰਜਾਬੀ ਅਧਿਆਪਕ ਸ੍ਰੀ ........ ਸਕੂਲ ਦੇ ਸਾਰੇ ਵਿਦਿਆਰਥੀਆਂ ਨੂੰ ਇਸ ਮੇਲੇ ਤੇ ਲੈ ਕੇ ਗਏ। ਉਹਨਾਂ ਨੇ ਵਿਦਿਆਰਥੀਆਂ ਨੂੰ ਇਸ ਮੇਲੇ ਬਾਰੇ ਕੁੱਝ ਦਿਨ ਪਹਿਲਾਂ ਹੀ ਦੱਸ ਦਿੱਤਾ ਹੋਇਆ ਸੀ, ਇਸ ਕਰਕੇ ਵਿਦਿਆਰਥੀ ਘਰਾਂ ਤੋਂ ਕਿਤਾਬਾਂ ਖ਼ਰੀਦਣ ਲਈ ਪੈਸੇ ਲੈ ਕੇ ਆਏ ਹੋਏ ਸਨ।

ਮੇਲੇ ਦਾ ਅਨੰਦ ਮਾਨਣਾ :- ਮੈਂ ਆਪਣੇ ਸਹਿਪਾਠੀਆਂ ਨਾਲ ਮੇਲੇ ਦਾ ਖ਼ੂਬ ਅਨੰਦ ਮਾਣਿਆ। ਕੁੱਝ ਲੇਖਕਾਂ ਨਾਲ਼ ਗੱਲ-ਬਾਤ ਵੀ ਕੀਤੀ। ਉਹਨਾਂ ਤੋਂ ਬੜਾ ਕੁੱਝ ਸਿੱਖਣ ਨੂੰ ਮਿਲਿਆ। ਮੈਂ ਅਤੇ ਮੇਰੇ ਸਹਿਪਾਠੀਆਂ ਨੇ ਕੁੱਝ ਪੁਸਤਕਾਂ ਵੀ ਖ਼ਰੀਦੀਆਂ।

ਮੇਲੇ ਵਿੱਚ ਘੁੰਮਦਿਆਂ ਅਸੀਂ ਸਾਰਿਆਂ ਨੇ ਚਾਹ ਪੀਤੀ, ਮੈਦਾਨ ਦੇ ਅੰਦਰ ਲੱਗੀ ਹੋਈ ਪੁਸਤਕ ਸੂਚੀ ਵਿੱਚ ਆਪਣੀ ਪਸੰਦ ਦੀਆਂ ਪੁਸਤਕਾਂ ਬਾਰੇ ਅਤੇ ਮੇਲੇ ਦੇ ਅਨੁਭਵ ਬਾਰੇ ਆਪਣੀ - ਆਪਣੀ ਰਾਇ ਦਰਜ ਕੀਤੀ।

ਵਾਪਸੀ :- ਸਮਾਂ ਕਾਫ਼ੀ ਹੋ ਗਿਆ ਸੀ ਪਰ ਮੇਲੇ ਵਿੱਚੋਂ ਮੁੜਨ ਨੂੰ ਜੀਅ ਨਹੀਂ ਸੀ ਕਰ ਰਿਹਾ। ਅਸੀਂ ਸਾਰਿਆਂ ਨੇ ਆਉਣ ਵੇਲ਼ੇ ਆਪਣੇ ਅਧਿਆਪਕ ਜੀ ਨਾਲ਼ ਮੇਲੇ ਦਾ ਫ਼ਿਰ ਇੱਕ ਚੱਕਰ ਲਾਇਆ। ਉੱਥੇ ਹਾਜ਼ਰ ਲੇਖਕਾਂ ਨਾਲ਼ ਤਸਵੀਰਾਂ ਖਿਚਵਾਈਆਂ, ਉਹਨਾਂ ਦੇ ਆਟੋਗ੍ਰਾਫ਼ ਲਏ, ਲੰਗਰ ਛਕਿਆ ਅਤੇ ਵਾਪਸ ਆ ਗਏ। ਨਿਵੇਕਲੀ ਕਿਸਮ ਦਾ ਇਹ ਪੁਸਤਕ ਮੇਲਾ ਹਮੇਸ਼ਾਂ ਮੇਰੀਆਂ ਯਾਦਾਂ ਵਿੱਚ ਵਸਿਆ ਰਹੇਗਾ। ਅਜਿਹੇ ਮੇਲੇ ਹਰ ਪਿੰਡ ਵਿੱਚ ਲੱਗਣੇ ਚਾਹੀਦੇ ਹਨ।

ਅਵਤਾਰ ਸਿੰਘ ਸੋਖੀ
94171 66386.

Scanned by CamScanner

# ਗਰਮੀ ਦੀ ਰੁੱਤ

ਦੁਨੀਆ ਵਿੱਚ ਵੰਨ-ਸੁਵੰਨੀਆਂ ਰੁੱਤਾਂ ਹਨ - ਸਰਦੀ, ਗਰਮੀ, ਬਸੰਤ, ਪਤਝੜ ਅਤੇ ਵਰਖਾ ਰੁੱਤ। ਗਰਮੀ ਦੀ ਰੁੱਤ ਬਸੰਤ ਅਤੇ ਪਤਝੜ ਦੀਆਂ ਰੁੱਤਾਂ ਦੇ ਵਿਚਕਾਰ ਆਉਂਦੀ ਹੈ। ਇਸ ਨੂੰ ਹੁਨਾਲ ਵੀ ਕਿਹਾ ਜਾਂਦਾ ਹੈ। ਗਰਮੀ ਦੀ ਰੁੱਤ ਹਰ ਖਿੱਤੇ ਦੇ ਪੌਣ-ਪਾਣੀ ਅਤੇ ਭੂਗੋਲਿਕ ਸਥਿਤੀ ਅਨੁਸਾਰ ਬਦਲਦੀ ਰਹਿੰਦੀ ਹੈ। ਵਧਦੀ ਅਬਾਦੀ, ਕਾਰਖਾਨੇ, ਪ੍ਰਦੂਸ਼ਿਤ ਵਾਤਾਵਰਨ, ਰੁੱਖਾਂ ਦੀ ਘਟ ਰਹੀ ਗਿਣਤੀ ਧਰਤੀ ਤੇ ਗਰਮੀ ਵਧਣ ਦਾ ਕਾਰਨ ਬਣ ਰਹੇ ਹਨ।

ਪੰਜਾਬ ਵਿੱਚ ਗਰਮੀ ਦੀ ਰੁੱਤ !- ਪੰਜਾਬ ਦੀ ਭੂਗੋਲਿਕ ਸਥਿਤੀ ਅਨੁਸਾਰ ਇੱਥੇ ਅਪ੍ਰੈਲ ਦੇ ਅੰਤ, ਮਈ ਤੋਂ ਜੁਲਾਈ ਮਹੀਨੇ ( ਵੈਸਾਖ, ਜੇਠ ਅਤੇ ਹਾੜ ) ਵਿੱਚ ਗਰਮੀ ਦੀ ਰੁੱਤ ਸ਼ੁਰੂ ਹੋ ਜਾਂਦੀ ਹੈ। ਤਾਪਮਾਨ ਬਹੁਤ ਤੇਜ਼ੀ ਨਾਲ ਵਧਦਾ ਹੈ। ਜੂਨ ਵਿੱਚ ਔਸਤਨ ਤਾਪਮਾਨ 104° ਫਾਰਨਹੀਟ ਜਾਂ 40° ਸੈਲਸੀਅਸ ਤੱਕ ਪੁੱਜ ਜਾਂਦਾ ਹੈ। ਇੱਥੇ ਗਰਮੀ ਵਿੱਚ ਘੱਟੋ ਘੱਟ ਤਾਪਮਾਨ 80.6° ਫਾਰਨਹੀਟ ਜਾਂ 27° ਸੈਲਸੀਅਸ ਤੱਕ ਰਹਿੰਦਾ ਹੈ।

ਧੂੜ ਭਰੀਆਂ ਹਨੇਰੀਆਂ !- ਗਰਮੀ ਦੀ ਰੁੱਤ ਵਿੱਚ ਧੂੜ ਭਰੀਆਂ ਹਨੇਰੀਆਂ ਵੀ ਚੱਲਦੀਆਂ ਹਨ, ਜਿਸ ਨਾਲ ਮੌਸਮ ਖ਼ੁਸ਼ਕ ਹੋ ਜਾਂਦਾ ਹੈ। ਦੁਪਹਿਰ ਨੂੰ ਆਉਣ ਵਾਲੇ ਝੱਖੜਾਂ ਨਾਲ ਭਾਵੇਂ ਕੁੱਝ ਦੇਰ ਲਈ ਰਾਹਤ ਮਿਲਦੀ ਹੈ। ਰੁੱਖਾਂ ਦੇ ਪੱਤੇ ਸੁੱਕ ਜਾਂਦੇ ਹਨ।

ਲੂ ਵਗਣੀ :- ਭਰ ਗਰਮੀ ਦੀ ਰੁੱਤ ਵਿੱਚ ਦੁਪਹਿਰ ਵੇਲ਼ੇ ਗਰਮੀ ਸਿਖਰ ਤੇ ਪੁੱਜ ਜਾਂਦੀ ਹੈ। ਤੱਤੀ ਲੂ ਪਿੰਡੇ ਨੂੰ ਲੂੰਹਦੀ ਹੈ। ਲੋਕ ਘਰਾਂ ਵਿੱਚ ਬੈਠ ਕੇ ਸ਼ਾਮ ਢਲਣ ਦਾ ਇੰਤਜ਼ਾਰ ਕਰਦੇ ਹਨ। ਲੋਕ ਅਕਸਰ ਹੀ ਲੂ ਲੱਗਣ ਨਾਲ ਬਿਮਾਰ ਹੋ ਜਾਂਦੇ ਹਨ। ਦੁਪਹਿਰ ਵੇਲ਼ੇ ਬਜ਼ਾਰਾਂ ਵਿੱਚ ਸੁੰਨਸਾਨ ਹੋ ਜਾਂਦੀ ਹੈ। ਪਸ਼ੂ-ਪੰਛੀ ਛਾਂ ਦੀ ਭਾਲ਼ ਵਿੱਚ ਆਸਰਾ ਲੱਭਦੇ ਹਨ।

Scanned by CamScanner


**ਸਕੂਲਾਂ ਵਿੱਚ ਛੁੱਟੀਆਂ :-** ਗਰਮੀ ਦੀ ਰੁੱਤ ਵਿੱਚ ਬੱਚਿਆਂ ਨੂੰ ਗਰਮੀ ਤੋਂ ਬਚਾਉਣ ਲਈ ਸਰਕਾਰ ਵੱਲੋਂ ਪਹਿਲੀ ਜੂਨ ਤੋਂ ਸਕੂਲਾਂ ਵਿੱਚ ਛੁੱਟੀਆਂ ਕਰ ਦਿੱਤੀਆਂ ਜਾਂਦੀਆ ਹਨ। ਜੁਲਾਈ ਮਹੀਨੇ ਵਿੱਚ ਤਾਪਮਾਨ ਘਟ ਹੋਣਾ ਸ਼ੁਰੂ ਹੋ ਜਾਂਦਾ ਹੈ।

**ਗਰਮੀ ਤੋਂ ਕਿਵੇਂ ਬਚੀਏ :-** ਇਹ ਰੁੱਤ ਗਰਮ ਅਤੇ ਖ਼ੁਸ਼ਕ ਹੁੰਦੀ ਹੈ। ਪਸੀਨਾ ਬਹੁਤ ਜ਼ਿਆਦਾ ਆਉਂਦਾ ਹੈ। ਸਰੀਰ ਵਿੱਚ ਪਾਣੀ ਦੀ ਘਾਟ ਹੋ ਸਕਦੀ ਹੈ। ਇਸ ਰੁੱਤ ਵਿੱਚ ਪਾਣੀ ਵੱਧ ਤੋਂ ਵੱਧ ਪੀਣਾ ਚਾਹੀਦਾ ਹੈ। ਰਸ ਵਾਲੇ ਫ਼ਲ ਅਤੇ ਤਰਬੂਜ਼ ਖਾਣੇ ਚਾਹੀਦੇ ਹਨ। ਸਕੰਜਵੀ, ਗੰਨੇ ਦਾ ਰਸ, ਜਲ ਜੀਰਾ ਆਦਿ ਪੀਣਾ ਚਾਹੀਦਾ ਹੈ। ਜ਼ਿਆਦਾ ਸਮਾਂ ਭੁੱਖੇ ਨਹੀਂ ਰਹਿਣਾ ਚਾਹੀਦਾ। ਗਰਮੀ ਦੀ ਮਾਰ ਤੋਂ ਬਚਣ ਲਈ ਠੰਢੀਆਂ ਚੀਜ਼ਾਂ ਖਾਣੀਆਂ ਚਾਹੀਦੀਆਂ ਹਨ। ਤਿੱਖੜ ਦੁਪਹਿਰ ਵੇਲ਼ੇ ਬਾਹਰ ਨਹੀਂ ਘੁੰਮਣਾ ਚਾਹੀਦਾ।

**ਗਰਮੀ ਦੀ ਰੁੱਤ ਦੀ ਮਹੱਤਤਾ :-** ਗਰਮੀ ਦੀ ਰੁੱਤ ਵਿੱਚ ਦਿਨ ਵੱਡੇ ਹੁੰਦੇ ਹਨ, ਛੇਤੀ ਹਨੇਰਾ ਨਹੀਂ ਹੁੰਦਾ। ਕੱਪੜੇ ਵੀ ਘੱਟ ਪਾਉਣੇ ਪੈਂਦੇ ਹਨ। ਹਰ ਰੁੱਤ ਦਾ ਭਾਵੇਂ ਆਪਣਾ ਮਜ਼ਾ ਹੈ ਪਰ ਗਰਮੀ ਦੀ ਰੁੱਤ ਦਾ ਆਪਣਾ ਵੱਖਰਾ ਅਨੁਭਵ ਅਤੇ ਅਨੰਦ ਹੈ।

ਸੈਣੀ

Scanned by CamScanner



# ਤਾਜ ਮਹੱਲ

ਤਾਜ ਮਹੱਲ ਭਾਰਤ ਦੇ ਉੱਤਰ ਪ੍ਰਦੇਸ਼ ਪ੍ਰਾਂਤ ਦੇ ਆਗਰਾ ਸ਼ਹਿਰ ਵਿੱਚ ਹੈ। ਇਹ ਇੱਕ ਬੇਹੱਦ ਖ਼ੂਬਸੂਰਤ ਮਕਬਰਾ ਹੈ। ਇਹ ਜਮਨਾ ਨਦੀ ਦੇ ਕੰਢੇ ਤੇ ਬਣਿਆ ਹੋਇਆ ਹੈ। ਇਸ ਨੂੰ ਮੁਗ਼ਲ ਬਾਦਸ਼ਾਹ ਸ਼ਾਹ ਜਹਾਨ ਨੇ ਆਪਣੀ ਰਾਣੀ ਮੁਮਤਾਜ਼ ਦੀ ਯਾਦ ਵਿੱਚ ਬਣਵਾਇਆ ਸੀ।

ਤਾਜ ਮਹੱਲ ਮੁਗ਼ਲ ਭਵਨ ਨਿਰਮਾਣ ਕਲਾ ਦਾ ਇੱਕ ਉੱਤਮ ਨਮੂਨਾ ਹੈ। ਇਸ ਦੀ ਉਸਾਰੀ 1632 ਈਸਵੀ ਵਿੱਚ ਸ਼ੁਰੂ ਹੋਈ ਅਤੇ ਇਹ 1648 ਈਸਵੀ ਦੇ ਕਰੀਬ ਮੁਕੰਮਲ ਹੋਇਆ। ਇਸ ਦਾ ਪੂਰਾ ਨਕਸ਼ਾ ਉਸਤਾਦ ਅਹਿਮਦ ਲਾਹੌਰੀ ਨੇ ਤਿਆਰ ਕੀਤਾ ਸੀ।

ਤਾਜ ਮਹੱਲ ਇੱਕ ਵਰਗਾਕਾਰ ਚਬੂਤਰੇ ਉੱਪਰ ਬਣਿਆ ਹੋਇਆ ਹੈ। ਇਸ ਦੀ ਧਰਤੀ ਤੋਂ ਉਚਾਈ 73 ਮੀਟਰ (240 ਫੁੱਟ) ਅਤੇ ਸਮੁੰਦਰੀ ਤਲ ਤੋਂ 171 ਮੀਟਰ (562 ਫੁੱਟ) ਹੈ। ਇਹ ਚਿੱਟੇ ਸੰਗਮਰਮਰ ਦਾ ਬਣਿਆ ਹੋਇਆ ਹੈ। ਮਕਬਰੇ ਦੇ ਚਾਰੇ ਪਾਸੇ ਚਾਰ ਮੀਨਾਰ ਬਣੇ ਹੋਏ ਹਨ ਅਤੇ ਮੁੱਖ ਹਾਲ ਵਿੱਚ ਮੁਮਤਾਜ਼ ਅਤੇ ਸ਼ਾਹ ਜਹਾਨ ਦੀਆਂ ਕਬਰਾਂ ਬਣੀਆਂ ਹੋਈਆਂ ਹਨ।

ਤਾਜ ਮਹੱਲ ਨੂੰ ਇਸਲਾਮੀ ਕਲਾ ਦਾ ਰਤਨ ਵੀ ਕਿਹਾ ਜਾਂਦਾ ਹੈ। 1983 ਈਸਵੀ ਤੋਂ ਯੂਨੈਸਕੋ ਨੇ ਇਸ ਨੂੰ ਵਿਸ਼ਵ ਵਿਰਾਸਤ ਵਜੋਂ ਸੰਭਾਲ ਲਿਆ ਹੈ। ਹਰ ਸਾਲ ਲੱਖਾਂ ਲੋਕ ਇਸ ਨੂੰ ਵੇਖਣ ਲਈ ਆਉਂਦੇ ਹਨ।

Scanned by CamScanner

# ਜਾਗੋ



ਜਾਗੋ ਦਾ ਵਿਆਹ ਦੀਆਂ ਰਸਮਾਂ ਵਿੱਚ ਅਹਿਮ ਸਥਾਨ ਹੈ। ਕੋਈ ਵੀ ਵਿਆਹ ਇਸ ਰਸਮ ਤੋਂ ਬਿਨ੍ਹਾਂ ਤਾਂ ਅਧੂਰਾ ਮੰਨਿਆ ਜਾਂਦਾ ਹੈ। ਪਹਿਲਾਂ ਜਾਗੋ ਸਿਰਫ਼ ਮੁੰਡੇ ਦੇ ਵਿਆਹ ਤੋਂ ਇੱਕ ਰਾਤ ਪਹਿਲਾਂ ਔਰਤਾਂ ਵੱਲੋਂ ਹੀ ਕੱਢੀ ਜਾਂਦੀ ਸੀ ਪਰ ਹੁਣ ਤਾਂ ਕੁੜੀ ਦੇ ਵਿਆਹ ਵਾਲ਼ੇ ਘਰ ਵੀ ਔਰਤਾਂ ਅਤੇ ਮਰਦਾਂ ਵੱਲੋਂ ਰਲ਼ ਕੇ ਕੱਢੀ ਜਾਂਦੀ ਹੈ।

ਜਾਗੋ ਕੱਢਣ ਦਾ ਮਕਸਦ ਸਾਰੇ ਪਿੰਡ, ਮਹੱਲੇ ਅਤੇ ਪੱਤੀਆਂ ਨੂੰ ਵਿਆਹ ਬਾਰੇ ਦੱਸਣਾ ਹੁੰਦਾ ਸੀ। ਰਾਤ ਨੂੰ ਇੱਕ ਘੜੇ ਉੱਪਰ ਚੱਪਣ ਰੱਖ ਕੇ ਉਸ ਉੱਤੇ ਆਟੇ ਦੇ ਕੁੱਝ ਦੀਵੇ ਰੱਖੇ ਜਾਂਦੇ ਹਨ। ਘੜੇ ਨੂੰ ਵਿਆਂਹਦੜ ਦੀ ਮਾਮੀ ਚੁੱਕਦੀ ਹੈ। ਉਸ ਦੇ ਕੋਲ਼ ਘੁੰਗਰੂ ਅਤੇ ਲਾਲ ਕੱਪੜੇ ਨਾਲ਼ ਲਪੇਟਿਆ ਸੋਟਾ ਵੀ ਹੁੰਦਾ ਹੈ। ਬੋਲੀਆਂ ਅਤੇ ਗਿੱਧੇ ਦੀ ਧਮਾਲ ਨਾਲ਼ ਜਾਗੋ ਨੂੰ ਵਿਆਹ ਵਾਲ਼ੇ ਘਰ ਤੋਂ ਸਾਰੇ ਪਿੰਡ ਵਿੱਚ ਫੇਰਿਆ ਜਾਂਦਾ ਹੈ।

ਇਸ ਮੌਕੇ ਤੇ ਨਾਨਕਾ ਮੇਲ ਵੱਲੋਂ ਛੱਜ ਵੀ ਭੰਨਿਆ ਜਾਂਦਾ ਹੈ। ਲੋਕ ਨਾਨਕਿਆਂ ਦਾਦਕਿਆਂ ਵੱਲੋਂ ਕੱਢੀ ਜਾਗੋ ਦਾ ਅਨੰਦ ਮਾਣਦੇ ਹਨ। ਜਾਗੋ ਦੇ ਦੀਵਿਆਂ ਵਿੱਚ ਲੋਕ ਤੇਲ ਪਾਉਂਦੇ ਹਨ ਅਤੇ ਸ਼ਗਨ ਦਿੰਦੇ ਹਨ। ਨਾਨਕਿਆਂ ਅਤੇ ਦਾਦਕਿਆਂ ਦੇ ਚਾਵਾਂ ਸੱਧਰਾਂ ਦੀ ਇਹ ਜਾਗੋ ਸਾਰਾ ਪਿੰਡ ਘੁੰਮ ਕੇ ਵਾਪਸ ਵਿਆਹ ਵਾਲ਼ੇ ਘਰ ਆ ਜਾਂਦੀ ਹੈ। ਮਾਮੀ ਵੱਲੋਂ ਸ਼ਗਨ ਲੈਣ ਉਪਰੰਤ ਜਾਗੋ ਸਿਰ ਤੋਂ ਉਤਾਰੀ ਜਾਂਦੀ ਹੈ। ਕੁੱਝ ਚਿਰ ਹੋਰ ਗਿੱਧਾ ਪਾ ਕੇ ਮੇਲੀ ਅਗਲੇ ਦਿਨ ਦੇ ਵਿਆਹ ਦੀ ਤਿਆਰੀ ਦੀਆਂ ਸਲਾਹਾਂ ਕਰਕੇ ਸੌਂ ਜਾਂਦੇ ਹਨ।

ਜਸਜੋਤ ਸਿੰਘ ਸੋਢੀ

Scanned by CamScanner

# ਸਿਨੇਮਾ



ਸਿਨੇਮਾ ਸਮਾਜ ਦਾ ਸ਼ੀਸ਼ਾ ਮੰਨਿਆ ਜਾਂਦਾ ਹੈ। ਸਮਾਜ ਦੀ ਸਹੀ ਤਸਵੀਰ ਦੇਖਣ ਲਈ ਸਿਨੇਮਾ ਇੱਕ ਮਹੱਤਵਪੂਰਨ ਸਾਧਨ ਹੈ। ਇਹ ਸਮਾਜ ਨੂੰ ਸੁਧਾਰਨ ਅਤੇ ਮੰਨੋਰੰਜਨ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ। ਇਹ ਲੋਕਾਂ 'ਤੇ ਸਿੱਧਾ ਅਤੇ ਅਮਿੱਟ ਪ੍ਰਭਾਵ ਪਾਉਂਦਾ ਹੈ। ਸਿਨੇਮਾ ਸਾਡੇ ਵਿਰਸੇ, ਇਤਿਹਾਸ ਅਤੇ ਸੱਭਿਆਚਾਰ ਨੂੰ ਪਾਤਰਾਂ ਰਾਹੀਂ ਸਿਰਜਦਾ ਹੈ।

ਸਿਨੇਮੇ ਦੀ ਖੋਜ ਲੂਮੀਏ ਭਰਾਵਾਂ ਨੇ ਕੀਤੀ ਸੀ। ਉਨ੍ਹਾਂ ਨੇ 28 ਨਵੰਬਰ 1895 ਨੂੰ ਸਭ ਤੋਂ ਪਹਿਲਾਂ ਫਾਰਸੀ ਲੋਕਾਂ ਨੂੰ 1-2 ਮਿੰਟ ਦੀਆਂ ਛੋਟੀਆਂ ਫਿਲਮਾਂ ਦਿਖਾਈਆਂ।

ਭਾਰਤ ਵਿੱਚ ਪਹਿਲਾ ਸਿਨੇਮਾ ਘਰ 1896 ਵਿੱਚ ਬਣਿਆ। ਪਹਿਲਾਂ ਫਿਲਮਾਂ ਬਿਨਾਂ ਅਵਾਜ਼ ਹੁੰਦੀਆਂ ਸਨ। ਪਹਿਲੀ ਹਿੰਦੀ ਫੀਚਰ ਫਿਲਮ 'ਰਾਜਾ ਹਰੀਸ਼ ਚੰਦਰ' 3 ਮਈ 1913 ਨੂੰ ਮੁੰਬਈ ਵਿਖੇ ਵਿਖਾਈ ਗਈ। ਫਿਰ ਮਦਰਾਸ, ਕੋਲਕਾਤਾ, ਮੁੰਬਈ ਅਤੇ ਲਾਹੌਰ ਵਿੱਚ ਫਿਲਮਾਂ ਬਣਨ ਲੱਗ ਪਈਆਂ।

ਪੰਜਾਬੀ ਫ਼ਿਲਮਾਂ ਦੀ ਸ਼ੁਰੂਆਤ 1924 ਈ: ਵਿੱਚ ਲਾਹੌਰ ਵਿੱਚ ਹੋਈ। ਉੱਤਰੀ ਭਾਰਤ ਵਿੱਚ ਲਾਹੌਰ ਫਿਲਮਾਂ ਅਤੇ ਸਿਨੇਮੇ ਲਈ ਪ੍ਰਸਿੱਧ ਹੋ ਗਿਆ। ਦੇਸ਼ ਦੀ ਵੰਡ ਤੋਂ ਬਾਅਦ ਮੁੰਬਈ ਭਾਰਤੀ ਫਿਲਮਾਂ ਦਾ ਕੇਂਦਰ ਬਣ ਗਿਆ।

ਹੁਣ ਫਿਲਮਾਂ ਰੰਗੀਨ, 3-ਡੀ, ਐਨੀਮੇਸ਼ਨ ਤਕਨੀਕ ਵਿੱਚ ਵੀ ਬਣਦੀਆਂ ਹਨ। ਸਿਨੇਮੇ ਮਲਟੀਪਲ ਕੰਪਲੈਕਸ ਵਿੱਚ ਬਦਲ ਗਏ ਹਨ। ਸਮੇਂ ਨਾਲ਼ ਫਿਲਮਾਂ ਅਤੇ ਸਿਨਮਾ ਘਰਾਂ ਦਾ ਸਰੂਪ ਬਦਲ ਗਿਆ ਹੈ। ਸਿਨਮਾ ਹੁਣ ਸਿੱਖਿਆ ਅਤੇ ਮੰਨੋਰੰਜਨ ਦਾ ਅਟੁੱਟ ਅੰਗ ਬਣ ਗਿਆ ਹੈ।

ਜਗਤਾਰ ਸਿੰਘ ਸੋਖੀ

Scanned by CamScanner

# ਇਤਿਹਾਸਕ ਸਥਾਨ ਦੀ ਯਾਤਰਾ
## (ਜਲ੍ਹਿਆਂ ਵਾਲਾ ਬਾਗ਼)




ਸਾਡੇ ਸਕੂਲ ਦੇ ਉਹ ਵਿਦਿਆਰਥੀ ਜੋ ਵਾਤਾਵਰਨ ਸਾਫ਼ ਸੁਥਰਾ ਰੱਖਣ ਵਿੱਚ ਵਿਸ਼ੇਸ਼ ਯੋਗਦਾਨ ਪਾਉਂਦੇ ਹਨ, ਉਹਨਾਂ ਨੂੰ ਸਾਡੇ ਪੰਜਾਬੀ ਦੇ ਅਧਿਆਪਕ ਜੀ ਸੈਰ ਸਪਾਟੇ ਤੇ ਲਿਜਾਂਦੇ ਹਨ। ਹਰ ਸਾਲ ਦੀ ਤਰ੍ਹਾਂ ਵਾਅਦਾ ਨਿਭਾਉਂਦਿਆਂ ਉਹਨਾਂ ਸਾਨੂੰ ਇਸ ਵਾਰ ਜਲ੍ਹਿਆਂ ਵਾਲਾ ਬਾਗ਼ ਦੀ ਯਾਤਰਾ ਕਰਵਾਈ।

ਨਿਸਚਿਤ ਸਮੇਂ ਤੇ ਅਸੀਂ ਸਾਰੇ ਵਿਦਿਆਰਥੀ ਸਵੱਖਤੇ ਹੀ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਚੱਲ ਪਏ। ਰਸਤੇ ਵਿੱਚ ਬੱਸ ਵਿੱਚ ਖੂਬ ਅਨੰਦ ਮਾਣਦੇ ਹੋਏ 10:00 ਵਜੇ ਸ੍ਰੀ ਅੰਮ੍ਰਿਤਸਰ ਸਾਹਿਬ ਪੁੱਜ ਗਏ। ਅਸੀਂ ਸ੍ਰੀ ਦਰਬਾਰ ਸਾਹਿਬ ਮੱਥਾ ਟੇਕ ਕੇ 11:00 ਵਜੇ ਇਤਿਹਾਸਕ ਜਗ੍ਹਾ ਜਲ੍ਹਿਆਂ ਵਾਲਾ ਬਾਗ਼ ਪੁੱਜ ਗਏ।

ਸਾਡੇ ਅਧਿਆਪਕ ਜੀ ਨੇ ਸਾਨੂੰ ਫੋਟੋ ਗੈਲਰੀ ਵਿੱਚ ਪੁੱਜ ਕੇ ਸ਼ਹੀਦਾਂ ਨੂੰ ਨਤਮਸਤਕ ਹੁੰਦਿਆਂ ਇਸ ਇਤਿਹਾਸਕ ਸਥਾਨ ਬਾਰੇ ਵਿਸਥਾਰ ਨਾਲ ਦੱਸਿਆ ਕਿ ਕਿਵੇਂ ਇੱਥੇ 13 ਅਪ੍ਰੈਲ 1919 ਨੂੰ ਵਿਸਾਖੀ ਵਾਲੇ ਦਿਨ ਜਨਰਲ ਰੇਜੀਨਾਲਡ ਡਾਇਰ ਨੇ ਅੰਧਾਧੁੰਦ ਗੋਲੀਆਂ ਚਲਾ ਕੇ ਸੈਂਕੜੇ ਅਜ਼ਾਦੀ ਪ੍ਰਵਾਨਿਆਂ ਨੂੰ ਸ਼ਹੀਦ ਕਰ ਦਿੱਤਾ। ਉਹਨਾਂ ਸਾਨੂੰ ਕੰਧਾਂ ਉੱਤੇ ਗੋਲੀਆਂ ਦੇ ਨਿਸ਼ਾਨ, ਸ਼ਹੀਦੀ ਖੂਹ ਅਤੇ ਸ਼ਹੀਦੀ ਲਾਟ ਵੀ ਦਿਖਾਈ। ਉਹਨਾਂ ਨੇ ਇਸ ਗੋਲੀ ਕਾਂਡ ਦਾ ਬਦਲਾ ਲੈਣ ਵਾਲੇ ਸ਼ਹੀਦ ਊਧਮ ਸਿੰਘ ਜੀ ਬਾਰੇ ਵੀ ਦੱਸਿਆ। ਸਮਾਂ ਕਾਫ਼ੀ ਹੋ ਗਿਆ ਸੀ ਸੋ ਦਿਨ ਛਿਪਣ ਤੋਂ ਪਹਿਲਾਂ ਹੀ ਅਸੀਂ ਵਾਪਸ ਚੱਲ ਪਏ। ਇਹ ਯਾਤਰਾ ਅਤੇ ਪ੍ਰਾਪਤ ਜਾਣਕਾਰੀ ਸਾਨੂੰ ਹਮੇਸ਼ਾ ਯਾਦ ਰਹੇਗੀ।

ਮਨਤਾਰ ਸਿੰਘ ਸੋਢੀ

Scanned by CamScanner